## ਕੋਈ ਵੀ ਤੁਹਾਡੀ ਗਲ ਨਹੀਂ ਸੁਣਦਾ?

Nobody listening to you?

ਜੋ ਕੁਝ ਤੁਸੀਂ ਕਹਿਣਾ ਚਾਹੁੰਦੇ ਹੋ ਜੇਕਰ ਉਸ ਨੂੰ ਕੋਈ ਨਹੀਂ ਸੁਣਦਾ ਤਾਂ ਤੁਸੀਂ ਸਹਾਇਤਾ ਲੈ ਸਕਦੇ ਹੋ। ਤੁਹਾਨੂੰ ਚਾਹੀਦਾ ਹੈ ਕਿ ਤੁਸੀਂ/ਅਪਣੇ ਮਾਤਾ–ਪਿਤਾ ਜਾਂ ਕਿਸੇ ਟੀਚਰ ਜਾਂ ਸਕੂਲ ਵਿਚ ਕਿਸੇ ਹੋਰ ਨੂੰ ਦਸੋ ਜਿਹੜਾ ਤੁਹਾਡੀ ਸਹਾਇਤਾ ਕਰ ਸਕਦਾ ਹੈ।

ਕਈ ਸਕੂਲਾਂ ਵਿਚ ਪਿਊਪਲ ਕੌਂਸਿਲ ਹੈ ਜਿਥੇ ਉਹ ਕਹਿ ਸਕਦੇ ਹਨ ਕਿ ਸਕੂਲ ਨੂੰ ਕਿਸ ਤਰ੍ਹਾਂ ਚਲਾਇਆ ਜਾਣਾ ਚਾਹੀਦਾ ਹੈ। ਜੇਕਰ ਤੁਹਾਡੇ ਸਕੂਲ ਵਿਚ ਇਹ ਨਹੀਂ ਹੈ ਤਾਂ ਇਸ ਨੂੰ ਸ਼ੁਰੂ ਕਰਨ ਵਿਚ ਤੁਸੀਂ ਸਹਾਇਤਾ ਲਈ ਕਹਿ ਸਕਦੇ ਹੋ।

ਫੋਨ ਤੇ ਜਾਂ ਇੰਟਰਨੈੱਟ ਤੇ ਤੁਸੀਂ ਹੋਰ ਜ਼ਿਆਦਾ ਜਾਣਕਾਰੀ ਅਤੇ ਸਲਾਹ ਲੈ ਸਕਦੇ ਹੋ। ਪਿਛਲੇ ਪੰਨੇ ਤੇ ਹੋਰ ਜ਼ੋਆਦਾ ਵੇਰਵੇ ਹਨ।

ਇਹ ਪਰਚਾ ਐਜੂਕੇਸ਼ਨ ਲਾਅ ਯੂਨਟ ਵਲੋਂ ਲਿਖਿਆ ਗਿਆ ਹੈ। ਤੁਸੀਂ ਸਾਡੇ ਨਾਲ ਸੰਪਰਕ ਏਥੇ ਕਰ ਸਕਦੇ ਹੋ:


**Education Law Unit,**
**Govan Law Centre,**
**47 Burleigh Street,**
**Glasgow G51 3LB**

ਟੈਲੀ/ਟੈਕਸਟ: **0141 445 1955**
ਫੈਕਸ: **0141 445 3934**
ਈ–ਮੇਲ: **advice@edlaw.org.uk**
ਵੈੱਬ: **www.edlaw.org.uk**


ਤੁਸੀਂ ਹੋਰ ਜ਼ਿਆਦਾ ਸਲਾਹ ਏਥੋਂ ਲੈ ਸਕਦੇ ਹੋ:
ਐਨਕੁਆਇਰ: **0131 222 2400** ਜਾਂ
**www.enquire.org.uk**

ਸਕਾਟਿਸ਼ ਚਾਈਲਡ ਲਾਅ ਸੈਂਟਰ
18 ਸਾਲ ਤੋਂ ਘੱਟ ਵਾਲਿਆਂ ਲਈ
**0800 328 8970**

Punjabi/INFO-Think(406N2)

# ਤੁਸੀਂ ਕੀ ਸੋਚਦੇ ਹੋ?

What do you think?

ਕੀ ਤੁਸੀਂ ਕੁਝ ਕਹਿਣਾ ਹੈ?
ਮਾਤਾ–ਪਿਤਾ ਅਤੇ ਟੀਚਰਾਂ ਨੂੰ ਰੁੱਕਣਾ
ਪਏਗਾ ਅਤੇ ਤੁਹਾਨੂੰ ਸੁਣਨਾ ਪਏਗਾ

## ਤੁਸੀਂ ਕੀ ਸੋਚਦੇ ਹੋ? What do you think?

ਇਹ ਪਰਚਾ ਉਨ੍ਹਾਂ ਬੱਚਿਆਂ ਅਤੇ ਨੌਜਵਾਨ ਲੋਕਾਂ ਲਈ ਹੈ ਜਿਨ੍ਹਾਂ ਨੂੰ ਸਕੂਲ ਵਿਚ ਵਾਧੂ ਸਹਇਤਾ ਦੀ ਲੋੜ ਹੈ। ਇਹ ਬਰੇਲ, ਆਡੀਓ, ਬੀ ਐਸ ਐਲ ਵਿਡੀਓ ਅਤੇ ਹੋਰ ਭਾਸ਼ਾਵਾਂ ਵਿਚ ਵੀ ਉਪਲਬਧ ਹੈ।

## ਕੀ ਤੁਹਾਨੂੰ ਪਤਾ ਸੀ? Did you know?

ਕਾਨੂੰਨ ਕਹਿੰਦਾ ਹੇ ਕਿ ਤੁਸੀਂ ਜੋ ਕੁਝ ਸੋਚਦੇ ਹੋ ਉਹ ਮਹੱਤਵਪੂਰਣ ਹੈ। ਸਕੂਲ ਬਾਰੇ ਤੁਸੀਂ ਜੋ ਕੁਝ ਵੀ ਕਹਿਣਾ ਚਾਹੁੰਦੇ ਹੋ ਮਾਤਾ–ਪਿਤਾ, ਟੀਚਰਾਂ ਅਤੇ ਹੋਰ ਲੋਕਾਂ ਨੂੰ ਸੁਣਨਾ ਚਾਹੀਦਾ ਹੈ।

ਤੁਹਾਡੀ ਮਾਤਾ ਜਾਂ ਪਿਤਾ ਜਾਂ ਕੋਈ ਹੋਰ ਜਿਹੜਾ ਵੀ ਤੁਹਾਡੀ ਦੇਖਭਾਲ ਕਰਦਾ ਹੈ ਉਹ ਤੁਹਾਡੀ ਵਿਦਿਆ ਬਾਰੇ ਮਹੱਤਵਪੂਰਣ ਫੈਸਲੇ ਕਰਦਾ/ਦੀ ਹੈ, ਉਨ੍ਹਾਂ ਨੂੰ ਤੁਹਾਡੇ ਕੋਲੋਂ ਪੁੱਛਣਾ ਚਾਹੀਦਾ ਹੈ ਕਿ ਤੁਸੀਂ ਕੀ ਸੋਚਦੇ ਹੋ।

## ਉਹ ਗੱਲਾਂ ਜਿਹੜੀਆਂ ਸ਼ਾਇਦ ਮਾਤਾ–ਪਿਤਾ ਪੁੱਛਣ Things parents might ask

ਤੁਸੀਂ ਕਿਹੜੇ ਸਕੂਲ ਵਿਚ ਜਾਣਾ ਚਾਹੁੰਦੇ ਹੋ?
ਕੀ ਤੁਹਾਨੂੰ ਸਕੂਲ ਵਿਚ ਵਾਧੂ ਸਹਾਇਤਾ ਦੀ ਲੋੜ ਹੈ?
ਕਿਸ ਤਰ੍ਹਾਂ ਦੀ ਵਾਧੂ ਸਹਾਇਤਾ ਤੁਹਾਡੇ ਲਈ ਸੱਭ ਤੋਂ ਵੱਧੀਆ ਰਹੇਗੀ?
ਕੀ ਤੁਸੀਂ ਸਕੂਲ ਟਰਿੱਪ ਤੇ ਜਾਣਾ ਚਾਹੁੰਦੇ ਹੋ?

## ਸਕੂਲ ਵਿਚ At School

ਜੋ ਕੁਝ ਤੁਸੀਂ ਆਪਣੀ ਵਿਦਿਆ ਬਾਰੇ ਸੋਚਦੇ ਹੋ ਹੈੱਡ ਟੀਚਰ, ਤੁਹਾਡੀ ਕਲਾਸ ਦੇ ਟੀਚਰ ਅਤੇ ਸਕੂਲ ਦੇ ਹੋਰ ਲੋਕਾਂ ਨੂੰ ਹਰ ਹਾਲ ਵਿਚ ਸੁਣਨਾ ਚਾਹੀਦਾ ਹੈ।

## ਤੁਸੀਂ ਸ਼ਾਇਦ ਆਪਣੇ ਸਕੂਲ ਨੂੰ ਦਸਣਾ ਚਾਹੋ ..

You may want to tell your school..

ਤੁਸੀਂ ਕਿਹੜੇ ਵਿਸ਼ੇ ਚੁਣਨਾ ਚਾਹੋਗੇ;
ਜੇਕਰ ਤੁਸੀਂ ਸੋਚਦੇ ਹੋ ਕਿ ਤੁਹਾਨੂੰ ਸਕੂਲ ਵਿਚ ਵਾਧੂ ਸਹਾਇਤਾ ਦੀ ਲੋੜ ਹੈ;
ਚੀਜ਼ਾਂ ਨੂੰ ਸਿੱਖਣ ਅਤੇ ਸਮਝਣ ਲਈ ਤੁਹਾਡੇ ਵਾਸਤੇ ਸੱਭ ਤੋਂ ਵੱਧੀਆ ਤਰੀਕੇ।

## ਜੋ ਕੁਝ ਤੁਸੀਂ ਸੋਚਦੇ ਹੋ ਉਸ ਬਾਰੇ ਆਪਣੇ ਸਕੂਲ ਨੂੰ ਵੀ ਦਸ ਸਕਦੇ ਹੋ....

You can also tell your school what you think about....

ਸਕੂਲ ਵਿਚ ਬੁਲਿੰਗ
ਸਕੂਲ ਹੈਂਡਬੁਕ
ਡਿਸਏਬਲਡ ਬੱਚਿਆਂ ਵਾਸਤੇ ਸਕੂਲ ਵਿਚ ਜਾਣ ਲਈ ਸਹਾਇਤਾ ਵਾਲੀਆਂ ਯੋਜਨਾਵਾਂ;
ਜੇਕਰ ਤੁਸੀਂ ਸਕੂਲ ਨਾਲ ਸੰਬੰਧਤ ਕਿਸੇ ਹੋਰ ਚੀਜ਼ ਬਾਰੇ ਕੁਝ ਕਹਿਣਾ ਚਾਹੋ।